ਅਨਕਲਾਸੀਫਾਇਡ

Canadian Security Intelligence Service | Service canadien du renseignement de sécurité



# ਸਾਰੇ ਕਨੇਡੀਅਨਾਂ ਦੀ ਭਾਈਵਾਲੀ ਨਾਲ ਕੌਮੀ ਸੁਰੱਖਿਆ ਦੀ ਰੱਖਿਆ ਕਰਨਾ

ਭਰੋਸੇਯੋਗ ਇੰਟੈਲੀਜੈਂਸ, ਸਲਾਹ ਅਤੇ ਕਾਰਵਾਈ ਰਾਹੀਂ ਇੱਕ ਸੁਰੱਖਿਅਤ ਅਤੇ ਖੁਸ਼ਹਾਲ ਕੈਨੇਡਾ।

Canada




## ਖਤਰਾ ਕੀ ਹੈ?

- ਸੀਐਸਆਈਐਸ (CSIS) ਨੇ ਅਤਿਵਾਦ, ਖਾਸ ਕਰਕੇ ਵਿਚਾਰਧਾਰਕ ਤੌਂਰ ‘ਤੇ ਪ੍ਰੇਰਿਤ ਹਿੰਸਕ ਅਤਿਵਾਦ (IMVE) ਦੇ ਖਤਰੇ ਵਿੱਚ ਵਾਧਾ ਦੇਖਿਆ ਹੈ। ਇਸ ਵਿੱਚ ਭਰਤੀ, ਧਰਮ ਪਰਿਵਰਤਨ, ਫੰਡ ਇਕੱਠਾ ਕਰਕੇ, ਹੇਟ ਸਪੀਚ ਦਾ ਪ੍ਰਸਾਰ ਅਤੇ ਗਲਤ ਜਾਣਕਾਰੀ, ਤੰਗ-ਪ੍ਰੇਸ਼ਾਨ ਕਰਨ ਅਤੇ ਹਿੰਸਕ ਅਤਿਵਾਦ ਨੂੰ ਉਕਸਾਉਣ ਲਈ ਕੱਟੜਪੰਥੀਆਂ ਦੁਆਰਾ ਆਨਲਾਈਨ ਪਲੇਟਫਾਰਮਾਂ ਦੀ ਵਰਤੋਂ ਕਰਨਾ ਸ਼ਾਮਲ ਹੈ।

- ਕੱਟੜਪੰਥੀ ਵਿਚਾਰਾਂ ਦਾ ਪ੍ਰਕਾਸ਼ਨ ਪੂਰੀ ਦੁਨੀਆ ਵਿਚ ਤੇਜ਼ੀ ਨਾਲ ਵਧੇਰੇ ਉਘੜਵਾਂ ਅਤੇ ਵਧੇਰੇ ਦੂਰ ਤੱਕ ਅਸਰ ਪਾਉਣ ਵਾਲਾ ਹੁੰਦਾ ਜਾ ਰਿਹਾ ਹੈ। ਕੈਨੇਡਾ ਵੀ ਇਸ ਰੁਝਾਨ ਤੋਂ ਨਹੀਂ ਬਚਿਆ। ਅਸਲ ਵਿੱਚ, ਕੁਝ ਅਜਿਹੇ ਕਨੇਡੀਅਨ ਵੀ ਹਨ ਜੋ ਸਰਗਰਮੀ ਨਾਲ ਇਹਨਾਂ ਵਿਚਾਰਾਂ ਨੂੰ ਪ੍ਰਕਾਸ਼ਤ ਕਰਦੇ ਹਨ ਜਾਂ ਇਹਨਾਂ ਦੀ ਖਪਤ ਕਰਦੇ ਹਨ।

- ਹਰ ਤਰਾਂ ਦੀ ਪ੍ਰੇਰਨਾ ਵਾਲੇ ਹਿੰਸਕ ਕੱਟੜਪੰਥੀ ਸੰਕਟ ਵਾਲੀਆਂ ਸਥਿਤੀਆਂ ਦਾ ਫਾਇਦਾ ਉਠਾਉਂਦੇ ਹਨ, ਜਨਤਾ ਦੇ ਡਰ, ਅਵਿਸ਼ਵਾਸ ਅਤੇ ਬੇਚੈਨੀ ਦਾ ਲਾਹਾ ਲੈਂਦੇ ਹੋਏ ਕੱਟੜਵਾਦ ਦੀਆਂ ਕੋਸ਼ਿਸ਼ਾਂ ਨੂੰ ਮਜ਼ਬੂਤ ਕਰਦੇ ਹਨ ਅਤੇ ਹਿੰਸਾ ਦੀਆਂ ਕਾਰਵਾਈਆਂ ਨੂੰ ਭੜਕਾਉਂਦੇ ਹਨ। ਸੋਸ਼ਲ ਮੀਡੀਆ ਅਤੇ ਗਲੋਬਲ ਕਨੈਕਟੀਵਿਟੀ ਨੇ ਕੱਟੜਪੰਥੀ ਵਿਚਾਰਾਂ ਦੇ ਪ੍ਰਕਾਸ਼ਨ ਨੂੰ ਤੇਜ਼ੀ ਨਾਲ ਅਤੇ ਦੂਰ ਤੱਕ ਫੈਲਾਉਣ ਦੇ ਯੋਗ ਬਣਾਇਆ ਹੈ ਅਤੇ ਝੂਠੇ ਅਤੇ ਗੁੰਮਰਾਹਕੁੰਨ ਸੰਦੇਸ਼ਾਂ ਦਾ ਅਸਰ ਵਧਾ ਦਿੱਤਾ ਹੈ।

- ਹਿੰਸਕ ਕੱਟੜਪੰਥੀ ਸੰਗਠਨਾਂ ਨੇ ਹਿੰਸਾ ਨੂੰ ਤਰਕਸੰਗਤ ਬਣਾਉਣ ਅਤੇ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਵਿੱਚ ਮਹਾਂਮਾਰੀ ਬਾਰੇ ਸਾਜ਼ਿਸ਼ ਦੇ ਸਿਧਾਂਤਾਂ (conspiracy theories) ਨੂੰ ਅਪਣਾਇਆ ਹੈ। ਇਨ੍ਹਾਂ ਸਾਜ਼ਿਸ਼ ਦੇ ਸਿਧਾਂਤਾਂ ਦੇ ਫੈਲਾਅ ਨੇ ਸਰਕਾਰ ਦੇ ਵਕਾਰ ਅਤੇ ਵਿਗਿਆਨਕ ਅਦਾਰਿਆਂ ਵਿੱਚ ਭਰੋਸੇ ਨੂੰ ਕਮਜ਼ੋਰ ਕਰਨ ਲਈ ਹੋ ਰਹੀਆਂ ਕੋਸ਼ਿਸ਼ਾਂ ਨੂੰ ਤਾਕਤ ਦਿੱਤੀ ਹੈ। ਹਾਲਾਂਕਿ ਸਾਜ਼ਿਸ਼ ਦੇ ਸਿਧਾਂਤਾਂ ਬਾਰੇ ਵਿਚਾਰ-ਵਟਾਂਦਰਾ ਕਰਨ ਦੇ ਕੁਝ ਤਰੀਕੇ ਪ੍ਰਗਟਾਵੇ ਦੀ ਅਜ਼ਾਦੀ ਦਾ ਇੱਕ ਵਾਜਬ ਤਰੀਕਾ ਹਨ, ਪਰ ਵਿਚਾਰਾਂ ਦਾ ਔਨਲਾਈਨ ਪ੍ਰਗਟਾਵਾ, ਜੋ ਲਗਾਤਾਰ ਹਿੰਸਕ ਹੋ ਰਹੇ ਹਨ ਅਤੇ ਵਿਸ਼ੇਸ਼ ਵਿਅਕਤੀਆਂ ਦੀ ਗ੍ਰਿਫ਼ਤਾਰੀ ਅਤੇ ਕਤਲ ਦੀ ਮੰਗ ਕਰਦੇ ਹਨ, ਚਿੰਤਾ ਦਾ ਵਿਸ਼ਾ ਹੈ।

- ਇਹ ਖ਼ਤਰਾ ਬਹੁ-ਪੱਖੀ ਹੈ, ਜਿਸ ਵਿੱਚ ਸੁਰੱਖਿਆ, ਆਰਥਿਕ, ਰਾਜਨੀਤਿਕ, ਸਮਾਜਿਕ ਅਤੇ ਤਕਨੀਕੀ ਪਹਿਲੂ ਹਨ, ਅਤੇ ਇਸ ਲਈ ਪ੍ਰਤੀਕਰਮ ਵੀ ਅਜਿਹਾ ਚਾਹੀਦਾ ਹੈ, ਜੋ ਬਹੁ-ਪੱਖੀ ਹੋਵੇ।

## ਅਤਿਵਾਦ ਦੀਆਂ ਕਿਸਮਾਂ

### ਵਿਚਾਰਧਾਰਕ ਤੌਂਰ ‘ਤੇ ਪ੍ਰੇਰਿਤ ਹਿੰਸਕ ਅਤਿਵਾਦ

ਵਿਚਾਰਧਾਰਕ ਤੌਂਰ ‘ਤੇ ਪ੍ਰੇਰਿਤ ਹਿੰਸਕ ਅਤਿਵਾਦ ਦੇ ਸਮਰਥਕ (IMVE) ਕਿਸੇ ਇਕ ਆਸਥਾ ਤੋਂ ਪ੍ਰੇਰਿਤ ਨਹੀਂ ਹੁੰਦੇ, ਬਲਿਕ ਉਹ ਕਈ ਤਰਾਂ ਦੇ ਪ੍ਰਭਾਵਾਂ ਤੋਂ ਪ੍ਰੇਰਿਤ ਹੋ ਸਕਦੇ ਹਨ। IMVE ਰੈਡੀਕਲਾਈਜ਼ੇਸ਼ਨ ਜਾਂ ਕੱਟੜਤਾ ਅਕਸਰ ਕਈ ਤਰਾਂ ਦੇ ਵਿਚਾਰਾਂ ਅਤੇ ਸ਼ਿਕਵਿਆਂ ਦੇ ਸੁਮੇਲ ਕਰਕੇ ਹੁੰਦਾ ਹੈ ਜਿਸਦਾ ਸਿੱਟਾ ਅਜਿਹੇ ਵਿਅਕਤੀਗਤ ਵਿਸ਼ਵ-ਦ੍ਰਿਸ਼ਟੀਕੋਣ ਦੇ ਰੂਪ ਵਿੱਚ ਨਿਕਲਦਾ ਹੈ, ਜੋ ਕਈ ਸਰੋਤਾਂ ਤੋਂ ਪ੍ਰੇਰਿਤ ਹੁੰਦਾ ਹੈ। IMVE ਵਿਚ ਉਹ ਸਾਰੀ ਹਿੰਸਾ ਸ਼ਾਮਲ ਹੈ, ਜੋ ਲਿੰਗ, ਜ਼ੈਨੋਫੋਬੀਆ (ਦੂਜੇ ਮੁਲਕਾਂ ਦੇ ਲੋਕਾਂ ਪ੍ਰਤੀ ਨਫਰਤ), ਸੱਤਾ ਦਾ ਵਿਰੋਧ ਅਤੇ ਹੋਰ ਸ਼ਿਕਵਿਆਂ ਤੋਂ ਪ੍ਰੇਰਿਤ ਹੁੰਦੀ ਹੈ।

### ਰਾਜਨੀਤੀ ਤੋਂ ਪ੍ਰੇਰਿਤ ਹਿੰਸਕ ਅਤਿਵਾਦ

ਰਾਜਨੀਤੀ ਤੋਂ ਪ੍ਰੇਰਿਤ ਹਿੰਸਕ ਅਤਿਵਾਦ (PMVE) ਨਵਾਂ ਸਿਆਸੀ ਸਿਸਟਮ ਸਥਾਪਤ ਕਰਨ ਲਈ ਜਾਂ ਮੌਜੂਦਾ ਸਿਸਟਮ ਦੇ ਅੰਦਰ ਨਵੇਂ ਢਾਂਚੇ ਜਾਂ ਨਿਯਮ ਸਥਾਪਤ ਕਰਨ ਲਈ ਹਿੰਸਾ ਦੀ ਵਰਤੋਂ ਨੂੰ ਉਤਸ਼ਾਹਿਤ ਕਰਦਾ ਹੈ।

### ਧਾਰਮਿਕ ਤੌਂਰ ‘ਤੇ ਪ੍ਰੇਰਿਤ ਹਿੰਸਕ ਅਤਿਵਾਦ

ਧਾਰਮਿਕ ਤੌਂਰ ‘ਤੇ ਪ੍ਰੇਰਿਤ ਹਿੰਸਕ ਅਤਿਵਾਦ (RMVE) ਇਕ ਧਾਰਮਿਕ ਸੰਘਰਸ਼ ਦੇ ਹਿੱਸੇ ਵਜੋਂ ਇਕ ਅਜਿਹੇ ਸਿਸਟਮ ਦੇ ਖਿਲਾਫ ਲੜਾਈ ਵਿਚ ਹਿੰਸਾ ਨੂੰ ਉਤਸ਼ਾਹਤ ਕਰਦਾ ਹੈ, ਜਿਸ ਨੂੰ ਉਸ ਧਰਮ ਦੇ ਪੈਰੋਕਾਰ ਅਨੈਤਿਕ ਸਮਝਦੇ ਹਨ। ਇਹ ਪੈਰੋਕਾਰ ਵਿਸ਼ਵਾਸ ਕਰਦੇ ਹਨ ਕਿ ਮੁਕਤੀ ਸਿਰਫ਼ ਹਿੰਸਾ ਰਾਹੀਂ ਹੀ ਹਾਸਲ ਕੀਤੀ ਜਾ ਸਕਦੀ ਹੈ।

*ਇਹ ਸ਼੍ਰੇਣੀਆਂ ਰਲਗੱਡ ਹੋ ਸਕਦੀਆਂ ਹਨ, ਕਿਉਂਕਿ ਕੱਟੜਪੰਥੀ ਵਿਚਾਰ ਅਕਸਰ ਵਿਅਕਤੀਆਂ ਦੀਆਂ ਨਿੱਜੀ ਰੰਜਿਸ਼ਾਂ ਤੋਂ ਪੈਦਾ ਹੁੰਦੇ ਹਨ। ਇਹ ਵਰਗੀਕਰਣ ਕੈਨੇਡੀਅਨ ਕ੍ਰਿਮੀਨਲ ਕੋਡ ਦੇ ਸੈਕਸ਼ਨ 83.01 ਦੇ ਨਾਲ-ਨਾਲ CSIS ਐਕਟ ਦੇ S.2(c) ਵਿੱਚ ਹਿੰਸਕ ਅਤਿਵਾਦ ਦੀਆਂ ਪਰਿਭਾਸ਼ਾਵਾਂ ਤੋਂ ਲਿਆ ਗਿਆ ਹੈ।





# ਵਿਚਾਰਧਾਰਕ ਤੌਰ 'ਤੇ ਪ੍ਰੇਰਿਤ ਹਿੰਸਕ ਅਤਿਵਾਦ (IMVE) 'ਤੇ ਚਰਚਾ

- ਆਈਐਮਵੀਈ (IMVE) ਦੇ ਸਮਰਥਕ ਕਿਸੇ ਇਕ ਵਿਸ਼ਵਾਸ ਪ੍ਰਣਾਲੀ ਦੀ ਬਜਾਏ ਕਈ ਤਰ੍ਹਾਂ ਦੇ ਪ੍ਰਭਾਵਾਂ ਅਧੀਨ ਚੱਲ ਰਹੇ ਹੁੰਦੇ ਹਨ। IMVE ਕੱਟੜਵਾਦ ਅਕਸਰ ਵਿਚਾਰਾਂ ਅਤੇ ਰੰਜਸ਼ਾਂ ਦੇ ਸੁਮੇਲ ਕਰਕੇ ਹੁੰਦਾ ਹੈ ਜਿਸਦੇ ਸਿੱਟੇ ਵਜੋਂ ਇੱਕ ਵਿਅਕਤੀਗਤ ਵਿਸ਼ਵ-ਦ੍ਰਿਸ਼ਟੀਕੋਣ ਪੈਦਾ ਹੁੰਦਾ ਹੈ ਜੋ ਕਿਤਾਬਾਂ, ਵੀਡੀਓ, ਔਨਲਾਈਨ ਵਿਚਾਰ-ਵਟਾਂਦਰੇ, ਅਤੇ ਵਾਰਤਾਲਾਪਾਂ ਸਮੇਤ ਕਈ ਤਰਾਂ ਦੇ ਸਰੋਤਾਂ ਤੋਂ ਪ੍ਰੇਰਿਤ ਹੁੰਦਾ ਹੈ। ਸਿੱਟੇ ਵਜੋਂ ਪੈਦਾ ਹੋਇਆ ਵਿਸ਼ਵ-ਦ੍ਰਿਸ਼ਟੀਕੋਣ ਅਕਸਰ ਲੋਕਾਂ ਨੂੰ ਹਿੰਸਕ ਕਾਰਵਾਈ ਕਰਨ ਲਈ ਉਕਸਾਉਣ, ਯੋਗ ਬਣਾਉਣ ਜਾਂ ਲਾਮਬੰਦ ਕਰਨ ਦੀ ਇੱਛਾ 'ਤੇ ਟਿਕਿਆ ਹੁੰਦਾ ਹੈ।

- ਖਾਸ ਕਰਕੇ ਮਹਾਂਮਾਰੀ ਦੇ ਦੌਰਾਨ, ਆਈਐਮਵੀਈ ਦਾ ਖ਼ਤਰਾ ਵਧ ਗਿਆ ਕਿਉਂਕਿ ਗੋਰੀ ਸਰਬਉੱਚਤਾ ਵਿਚ ਵਿਸ਼ਵਾਸ਼ ਰੱਖਣ ਵਾਲੇ (white supremacist) ਅਤੇ ਸਰਕਾਰ ਵਿਰੋਧੀ ਸਮੂਹਾਂ ਨੇ ਜਨਤਕ ਸੁਰੱਖਿਆ ਲੌਕਡਾਊਨ ਦੇ ਉਪਾਵਾਂ ਅਤੇ ਵੈਕਸੀਨ ਬਾਰੇ ਲੋਕਾਂ ਦੀ ਬੇਚੈਨੀ ਦੀ ਵਰਤੋਂ ਨਫ਼ਰਤ, ਝਗੜੇ ਅਤੇ ਹਿੰਸਾ ਨੂੰ ਭੜਕਾਉਣ ਲਈ ਕੀਤੀ। ਭਾਵੇਂ ਹਿੰਸਕ ਜਾਂ ਕੱਟੜਪੰਥੀ ਵਿਚਾਰਾਂ ਨੂੰ ਪ੍ਰਗਟ ਕਰਨ ਵਾਲੇ ਵਿਅਕਤੀ ਖੁਦ ਹਿੰਸਕ ਕਾਰਵਾਈਆਂ ਕਰਨ ਬਾਰੇ ਨਾ ਸੋਚਦੇ ਹੋਣ, ਪਰ ਉਹ ਜਾਣਬੁੱਝ ਕੇ ਜਾਂ ਅਣਜਾਣੇ ਵਿੱਚ ਹੋਰ ਵਿਅਕਤੀਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ - ਜੋ ਹਿੰਸਾ ਦਾ ਸੱਦਾ ਦੇਣ ਵਾਲੇ ਵਿਚਾਰਾਂ ਪ੍ਰਤੀ ਸੰਵੇਦਨਸ਼ੀਲ ਹੋ ਸਕਦੇ ਹਨ, ਅਤੇ ਅਜਿਹੀ ਕਾਰਵਾਈ ਕਰਨ ਲਈ ਤਿਆਰ ਹੋ ਜਾਣ।

- ਵਿਅਕਤੀਆਂ ਅਤੇ ਛੋਟੇ ਸੈੱਲਾਂ (ਔਨਲਾਈਨ ਅਤੇ ਅਸਲ ਜ਼ਿੰਦਗੀ ਵਿੱਚ) ਦੋਵਾਂ ਦਾ ਇੱਕ ਸਾਂਝਾ ਵਿਸ਼ਵਾਸ ਇਹ ਹੈ ਕਿ ਸਮਾਜ/ਸਭਿਅਤਾ ਦੀ ਸਫਲਤਾ ਜਾਂ ਬਚਾਅ ਲਈ ਹਿੰਸਾ ਜ਼ਰੂਰੀ ਹੈ। ਜ਼ੈਨੋਫੋਬੀਆ, ਨਸਲਵਾਦ, ਲਿੰਗ, ਸੱਤਾ ਦੇ ਵਿਰੋਧ ਜਾਂ ਹੋਰ ਰੰਜਸ਼ਾਂ ਦੁਆਰਾ ਪ੍ਰੇਰਿਤ ਹਿੰਸਾ ਦੀਆਂ ਕਿਸਮਾਂ ਅਕਸਰ ਰਲਗੱਡ ਹੋ ਸਕਦੀਆਂ ਹਨ। ਉਦਾਹਰਨ ਲਈ, ਐਂਟੀ-ਏਸ਼ੀਅਨ ਨਸਲਵਾਦ ਅਤੇ ਹਿੰਸਾ ਨੇ ਏਸ਼ੀਆਈ ਮੂਲ ਦੀਆਂ ਔਰਤਾਂ ਨੂੰ ਵੱਧ ਨਿਸ਼ਾਨਾ ਬਣਾਇਆ। IMVE ਦੇ ਸਮਰਥਕ ਕਈ ਤਰਾਂ ਦੇ ਮੁੱਦਿਆਂ ਦੁਆਲੇ ਇਕੱਠੇ ਹੋ ਸਕਦੇ ਹਨ, ਜਿਵੇਂ ਕਿ ਜਨਤਕ ਸਿਹਤ ਉਪਾਅ, ਵਾਤਾਵਰਣ ਜਾਂ ਦੂਸਰੇ ਮੁਲਕਾਂ ਵਿਚ ਟਕਰਾਅ।

- IMVE ਕੈਨੇਡਾ ਵਿੱਚ ਵੰਡੀਆਂ ਪੈਣ ਅਤੇ ਧਰੁਵੀਕਰਨ ਦੇ ਇੱਕ ਬਹੁਤ ਵੱਡੇ ਰੁਝਾਨ ਦਾ ਵੀ ਇਕ ਲੱਛਣ ਹੈ, ਜਿਸਦੀਆਂ ਜੜ੍ਹਾਂ ਸਮਾਜਕ-ਆਰਥਿਕ ਰੰਜਸ਼ਾਂ ਨਾਲ ਜੁੜੀਆਂ ਹੋਈਆਂ ਹਨ ਅਤੇ ਕੁਝ ਮੁੱਖ ਕਾਰਕਾਂ ਦੁਆਰਾ ਵਧਾਈਆਂ ਗਈਆਂ ਹਨ, ਜਿਵੇਂ: ਔਨਲਾਈਨ "ਈਕੋ ਚੈਂਬਰ" ਜੋ ਵਿਗੜੇ ਵਿਸ਼ਵ-ਦ੍ਰਿਸ਼ਟੀਕੋਣਾਂ ਨੂੰ ਮਜ਼ਬੂਤ ਕਰਦੇ ਜਾਂਦੇ ਹਨ; ਕੋਵਿਡ -19 ਦੇ ਕਾਰਨ ਹੋਣ ਵਾਲੀਆਂ ਸਮਾਜਿਕ-ਆਰਥਿਕ ਸਮੱਸਿਆਵਾਂ, ਜਿਵੇਂ ਕਿ ਆਮਦਨੀ ਦਾ ਨੁਕਸਾਨ ਅਤੇ ਸਮਾਜਿਕ ਅਲਹਿਦਗੀ ਨਾਲ ਆਮ ਮਾਯੂਸੀ ਅਤੇ ਨਿਰਾਸ਼ਾ; ਅਤੇ ਵੰਡੀਆਂ ਪਾਉਣ ਵਾਲੇ ਰਾਜਨੀਤਕ ਵਿਚਾਰ।

- 2014 ਤੋਂ ਲੈਕੇ, IMVE ਨਾਲ ਸਬੰਧਿਤ ਹਮਲਿਆਂ ਦੇ ਸਿੱਟੇ ਵਜੋਂ ਕੈਨੇਡਾ ਦੀ ਧਰਤੀ 'ਤੇ 26 ਮੌਤਾਂ ਹੋ ਚੁੱਕੀਆਂ ਹਨ ਅਤੇ 40 ਤੋਂ ਵਧੇਰੇ ਲੋਕ ਜ਼ਖ਼ਮੀ ਹੋਏ ਹਨ।







## ਭਾਈਚਾਰਿਆਂ ਨੂੰ ਇਹ ਕਿਵੇਂ ਪ੍ਰਭਾਵਤ ਕਰ ਰਿਹਾ ਹੈ?

- ਹਰ ਤਰ੍ਹਾਂ ਦਾ ਅਤਿਵਾਦ ਕਨੇਡੀਅਨਾਂ ਦੀ ਸੁਰੱਖਿਆ ਅਤੇ ਸਾਡੇ ਸਮਾਜ ਦੇ ਤਾਣੇ-ਬਾਣੇ ਲਈ ਖਤਰਾ ਪੈਦਾ ਕਰਦਾ ਹੈ। ਹਿੰਸਕ ਅਤਿਵਾਦ ਅਤੇ ਦਹਿਸ਼ਤਗਰਦੀ, ਬੁਨਿਆਦੀ ਤੌਰ 'ਤੇ ਸਹਿਣਸ਼ੀਲਤਾ, ਸਤਿਕਾਰ, ਸਾਂਝੀਵਾਲਤਾ ਅਤੇ ਵਿਭਿੰਨਤਾ ਦੀਆਂ ਜਮਹੂਰੀ ਕਦਰਾਂ-ਕੀਮਤਾਂ ਨੂੰ ਨਕਾਰਦੇ ਹਨ। ਇਨ੍ਹਾਂ ਧਮਕੀਆਂ ਦਾ ਪ੍ਰਭਾਵ ਅਕਸਰ ਰੰਗਦਾਰ ਭਾਈਚਾਰਿਆਂ (communities of colour) ਅਤੇ ਕਈ ਹੋਰ ਸਮੂਹਾਂ ਦੇ ਲੋਕਾਂ ਦੁਆਰਾ ਸਭ ਤੋਂ ਵੱਧ ਤੀਬਰਤਾ ਨਾਲ ਮਹਿਸੂਸ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਅਤੀਤ ਵਿੱਚ ਸਮਾਜ ਦੇ ਹਾਸ਼ੀਏ 'ਤੇ ਧਕੇਲਿਆ ਗਿਆ ਸੀ।

- ਹਿੰਸਕ ਵਿਚਾਰਾਂ ਦਾ ਪ੍ਰਸਾਰ ਅਤੇ ਸੂਚਨਾ ਨੂੰ ਤੋੜ-ਮਰੋੜਕੇ ਪੇਸ਼ ਕਰਨ ਨਾਲ ਸਾਡੀਆਂ ਜਮਹੂਰੀ ਪ੍ਰਣਾਲੀਆਂ ਅਤੇ ਸੰਸਥਾਵਾਂ ਵਿੱਚ ਵਿਸ਼ਵਾਸ ਨੂੰ ਖੋਰਾ ਲੱਗਦਾ ਹੈ, ਅਤੇ ਭਾਈਚਾਰਿਆਂ ਦਾ ਧਰੁਵੀਕਰਨ ਹੁੰਦਾ ਹੈ।

- ਹਾਲ ਹੀ ਦੇ ਸਾਲਾਂ ਵਿੱਚ, ਇਸ ਤਰ੍ਹਾਂ ਦੇ ਵਿਚਾਰਾਂ ਨੂੰ ਆਮ ਬਣਾ ਦਿੱਤਾ ਗਿਆ ਹੈ ਜਾਂ ਇਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਵਿਚ ਸ਼ਾਮਲ ਕਰ ਦਿੱਤਾ ਗਿਆ ਹੈ, ਜਿਸ ਨਾਲ ਸਮਾਜ ਦੀ ਮਜ਼ਬੂਤੀ ਅਤੇ ਏਕਤਾ ਨੂੰ ਕਮਜ਼ੋਰ ਕੀਤਾ ਗਿਆ ਹੈ। ਸਾਡੇ ਭਾਈਚਾਰਿਆਂ ਅਤੇ ਸਾਡੇ ਸਮਾਜ ਅਤੇ ਸੰਸਥਾਵਾਂ ਦੇ ਤਾਣੇ-ਬਾਣੇ ਲਈ ਪੈਦਾ ਹੋ ਰਹੇ ਖਤਰੇ ਨੇ ਸਮੂਹਿਕ ਪ੍ਰਤੀਕਰਮ ਨੂੰ ਅੱਗੇ ਲਿਆਉਣ ਲਈ ਸਰਕਾਰ ਅਤੇ ਪ੍ਰਭਾਵਿਤ ਭਾਈਚਾਰਿਆਂ ਵਿਚਕਾਰ ਸਬੰਧ ਬਣਾਉਣਾ ਹੋਰ ਵੀ ਜ਼ਰੂਰੀ ਬਣਾ ਦਿੱਤਾ ਹੈ।

- ਹਿੰਸਕ ਕੱਟੜਪੰਥੀ ਕਾਰਵਾਈਆਂ ਦਾ ਫੌਰੀ ਅਤੇ ਦੂਰਰਸੀ ਆਰਥਿਕ ਪ੍ਰਭਾਵ ਵੀ ਪੈਂਦਾ ਹੈ। ਅਤਿਵਾਦ ਦੁਆਰਾ ਪੈਦਾ ਕੀਤੀ ਦੂਰਰਸੀ ਆਰਥਿਕ ਉਥਲ-ਪੁਥਲ ਦਾ ਵਿਅਕਤੀਆਂ, ਭਾਈਚਾਰਿਆਂ ਅਤੇ ਸਮਾਜਾਂ 'ਤੇ ਪ੍ਰਭਾਵ ਪੈ ਸਕਦਾ ਹੈ।

## ਸ਼ਬਦਾਂ ਨਾਲ ਫਰਕ ਪੈਂਦਾ ਹੈ

- ਰਾਸ਼ਟਰੀ ਸੁਰੱਖਿਆ ਲਈ ਖਤਰਿਆਂ ਬਾਰੇ ਵਿਚਾਰ-ਵਟਾਂਦਰਾ ਕਰਦੇ ਸਮੇਂ CSIS ਸ਼ਬਦਾਵਲੀ ਦੀ ਮਹੱਤਤਾ ਨੂੰ ਪਛਾਣਦਾ ਹੈ। ਸੀਐਸਆਈਐਸ ਨੇ "ਸੱਜੇ-ਪੱਖੀ" (right-wing) ਅਤੇ "ਖੱਬੇ-ਪੱਖੀ" (left-wing) ਅਤਿਵਾਦ ਦੀ ਥਾਂ ਨਵੀਂ ਸ਼ਬਦਾਵਲੀ ਵਿਕਸਤ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਈ ਜੋ ਕੈਨੇਡਾ ਨੂੰ ਦਰਪੇਸ਼ ਹਿੰਸਕ ਵਿਚਾਰਧਾਰਕ ਖਤਰਿਆਂ ਦੀ ਵਿਸ਼ਾਲ ਰੇਂਜ ਨੂੰ ਵਧੇਰੇ ਸਟੀਕਤਾ ਨਾਲ ਦਰਸਾਉਂਦੀ ਹੈ। ਨਵੀਂ ਸ਼ਬਦਾਵਲੀ – ਜਿਵੇਂ ਕਿ ਏਥੇ ਪਰਿਭਾਸ਼ਿਤ ਕੀਤਾ ਗਿਆ ਹੈ – ਇਸ ਖਤਰੇ ਦੇ ਗੁੰਝਲਦਾਰ ਦ੍ਰਿਸ਼ ਨੂੰ ਬਿਹਤਰ ਤਰੀਕੇ ਨਾਲ ਪਕੜਦੀ ਹੈ।

- ਇਸ ਸ਼ਬਦਾਵਲੀ ਦੇ ਬਦਲਣ ਦਾ ਇਕ ਮਕਸਦ ਹੈ ਪਹਿਲਾਂ ਵਰਤੀ ਜਾਂਦੀ ਭਾਸ਼ਾ ਦੁਆਰਾ ਨਕਾਰਾਤਮਕ ਤੌਰ 'ਤੇ ਪ੍ਰਭਾਵਿਤ ਭਾਈਚਾਰਿਆਂ ਨਾਲ ਗੱਲਬਾਤ ਕਰਨ ਲਈ ਇੱਕ ਆਧਾਰ ਪ੍ਰਦਾਨ ਕਰਨਾ। CSIS ਨੂੰ ਸਾਰੇ ਕਨੇਡੀਅਨਾਂ ਦੀ ਸਲਾਮਤੀ ਅਤੇ ਸੁਰੱਖਿਆ ਦੀ ਰੱਖਿਆ ਕਰਨ ਦਾ ਆਦੇਸ਼ ਦਿੱਤਾ ਗਿਆ ਹੈ, ਅਤੇ ਇਸ ਕਰਕੇ ਇਹ ਸਮਝਦਾ ਹੈ ਕਿ ਸਾਡੇ ਵਿਹਾਰਕ ਟੀਚਿਆਂ ਨੂੰ ਹਾਸਲ ਕਰਨ ਲਈ ਕੈਨੇਡੀਅਨ ਭਾਈਚਾਰਿਆਂ ਦੇ ਨਾਲ ਵਾਰਤਾਲਾਪ, ਭਾਈਵਾਲੀ ਅਤੇ ਵਿਸ਼ਵਾਸ ਅਤੀ ਜ਼ਰੂਰੀ ਹੈ।

- ਇਹ ਤਬਦੀਲੀਆਂ ਕਿਸੇ ਵਿਸ਼ੇਸ਼ ਭਾਈਚਾਰੇ ਜਾਂ ਗਰੁੱਪ ਨੂੰ ਦਾਗੀ ਕਰਨ ਤੋਂ ਵੀ ਬਚਦੀਆਂ ਹਨ ਅਤੇ ਅਣਚਾਹੇ ਪ੍ਰਭਾਵਾਂ ਦੀ ਪਛਾਣ ਕਰਨ ਅਤੇ ਇਹਨਾਂ ਨੂੰ ਘੱਟ ਕਰਨ ਲਈ ਅਪਰੇਸ਼ਨਲ ਅਤੇ ਨੀਤੀਗਤ ਫੈਸਲਿਆਂ ਲਈ ਇੱਕ ਇੰਟਰਸੈਕਸ਼ਨਲ ਨਜ਼ਰੀਆ ਲਾਗੂ ਕਰਨ ਲਈ CSIS ਦੀ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ।







## ਕੱਟੜਤਾ ਜਾਂ ਲਾਮਬੰਦੀ ਦੇ ਸੂਚਕ

**ਰੈਡੀਕਲਾਈਜ਼ੇਸ਼ਨ ਜਾਂ ਕੱਟੜਤਾ ਦੇ ਸੂਚਕ:**

- ਕਿਸੇ ਹਿੰਸਕ ਕੱਟੜਪੰਥੀ ਵਿਚਾਰਧਾਰਾ ਜਾਂ ਅੰਦੋਲਨ ਨੂੰ ਉਤਸ਼ਾਹਤ ਕਰਨ ਵਾਲੇ ਲੋਕਾਂ ਨਾਲ ਸਬੰਧ, ਔਨਲਾਈਨ ਜਾਂ ਆਹਮਣੇ-ਸਾਹਮਣੇ।
- ਅੱਤਵਾਦੀ ਵਿਚਾਰਧਾਰਾ, ਅੰਦੋਲਨ ਜਾਂ ਸਮੂਹ ਦਾ ਸਮਰਥਨ ਕਰਨ ਵਾਲੇ ਬਿਆਨ।
- ਹਿੰਸਕ ਕੱਟੜਪੰਥੀ ਵਿਚਾਰਧਾਰਾ, ਅੰਦੋਲਨ ਜਾਂ ਸਮੂਹਾਂ ਦਾ ਵਿਰੋਧ ਕਰਨ ਵਾਲਿਆਂ ਪ੍ਰਤੀ ਦੁਸ਼ਮਣੀ।
- ਕੱਟੜਪੰਥੀ ਮੀਡੀਆ ਦੀ ਖਪਤ ਜਾਂ ਇਸ ਵਿੱਚ ਭਾਗੀਦਾਰੀ।
- ਹਿੰਸਾ ਜਾਂ ਦਹਿਸ਼ਤਗਰਦੀ ਦੀਆਂ ਪਿਛਲੀਆਂ ਕਾਰਵਾਈਆਂ ਦਾ ਆਕਰਸ਼ਨ।

**ਮੋਬੀਲਾਈਜੇਸ਼ਨ ਦੇ ਸੂਚਕ:**

- ਬਿਨਾਂ ਕਿਸੇ ਪ੍ਰਤੱਖ ਕਾਰਨ ਦੇ ਸਾਧਾਰਨ ਵਿਵਹਾਰ ਵਿੱਚ ਤਬਦੀਲੀਆਂ (ਚਾਹੇ ਤਬਦੀਲੀਆਂ ਦਾ ਸਬੰਧ ਸਰਗਰਮੀਆਂ ਨਾਲ ਹੋਵੇ ਜਾਂ ਭਾਵਨਾਤਮਕ ਅਵਸਥਾ)।
- ਲਗਾਤਾਰ ਵਧਦੇ ਜਾ ਰਹੇ ਵਿਸ਼ੇਸ਼ ਖਤਰੇ ਜਾਂ ਯੋਜਨਾਬੰਦੀ ਦੀਆਂ ਸਰਗਰਮੀਆਂ।
- ਯਾਤਰਾ ਸਬੰਧੀ ਖੋਜ ਅਤੇ ਤਿਆਰੀ।
- ਨਿਸ਼ਾਨੇ ਵਾਲੇ ਠਿਕਾਣਿਆਂ ਦਾ ਮੁਆਇਨਾ ਜਾਂ ਨਿਸ਼ਾਨੇ ਵਾਲੀਆਂ ਥਾਵਾਂ 'ਤੇ ਸੁਰੱਖਿਆ ਦੀ ਜਾਂਚ।

## ਇਸਦੇ ਟਾਕਰੇ ਲਈ ਕੈਨੇਡਾ ਸਰਕਾਰ ਕੀ ਕਰ ਰਹੀ ਹੈ?

ਹਿੰਸਾ ਪ੍ਰਤੀ ਕੱਟੜਵਾਦ ਦਾ ਮੁਕਾਬਲਾ ਕਰਨ ਲਈ ਰਾਸ਼ਟਰੀ ਰਣਨੀਤੀ ਤਿੰਨ ਤਰਜੀਹਾਂ ਦੀ ਰੂਪ-ਰੇਖਾ ਤਿਆਰ ਕਰਦੀ ਹੈ

1. **ਗਿਆਨ ਤਿਆਰ ਕਰਨਾ, ਸਾਂਝਾ ਕਰਨਾ ਅਤੇ ਇਸਦੀ ਵਰਤੋਂ ਕਰਨਾ;**
2. **ਔਨਲਾਈਨ ਸਪੇਸ ਵਿੱਚ ਕੱਟੜਵਾਦ ਨਾਲ ਨਿਪਟਣਾ ਜੋ ਹਿੰਸਾ ਨੂੰ ਉਤਸ਼ਾਹਤ ਕਰਦਾ ਹੈ;**
3. **ਅਤੇ ਦਖਲ ਵਾਲੀਆਂ ਕਾਰਵਾਈਆਂ ਦੀ ਹਿਮਾਇਤ ਕਰਨਾ।**

- CSIS ਇਸ ਰਣਨੀਤੀ ਦਾ ਅਤੇ ਕੈਨੇਡਾ ਸੈਂਟਰ ਫਾਰ ਕਮਿਊਨਿਟੀ ਇਨਗੇਜਮੈਂਟ ਐਂਡ ਪ੍ਰੀਵੈਨਸ਼ਨ ਆਫ ਵਾਇਲੈਂਸ ਦੇ ਕੰਮ ਦਾ ਸਮਰਥਨ ਕਰਦੀ ਹੈ ਤਾਂ ਜੋ ਸਥਾਨਕ-ਪੱਧਰ ਦੀਆਂ ਹਕੀਕਤਾਂ ਨਾਲ ਨਿਪਟਣ ਅਤੇ ਕੱਟੜਵਾਦ ਨੂੰ ਰੋਕਣ ਲਈ ਭਾਗੀਦਾਰਾਂ ਨਾਲ ਤਾਲਮੇਲ ਅਤੇ ਭਾਈਵਾਲੀ ਨੂੰ ਉਤਸ਼ਾਹਤ ਕੀਤਾ ਜਾ ਸਕੇ। ਇਹਨਾਂ ਭਾਈਵਾਲੀਆਂ ਵਿੱਚ ਸਰਕਾਰ ਦੇ ਸਾਰੇ ਪੱਧਰ, ਭਾਈਚਾਰੇ, ਭਾਈਚਾਰਕ ਸੰਸਥਾਵਾਂ, ਮੂਹਰਲੀ ਕਤਾਰ ਦੇ ਕਾਮੇ ਅਤੇ ਪ੍ਰੈਕਟੀਸ਼ਨਰ, ਅਕਾਦਮਿਕ, ਅਤੇ ਇਨਫੋਰਸਮੈਂਟ ਸ਼ਾਮਲ ਹਨ। ਇਹ ਭਾਈਵਾਲੀਆਂ ਪਾਰਦਰਸ਼ਤਾ ਅਤੇ ਜਵਾਬਦੇਹੀ ਵਧਾਉਣ ਦਾ ਕੰਮ ਵੀ ਕਰਦੀਆਂ ਹਨ।
- ਇੱਕ ਮਜ਼ਬੂਤ ਲੋਕਤੰਤਰ ਇਸ ਗੱਲ ਤੇ ਖੜ੍ਹਾ ਹੈ ਕਿ ਕੈਨੇਡੀਅਨਾਂ 'ਤੇ ਖਨਰਭਰ ਕਰਦਾ ਹੈ ਖਜਨਹਰਾਂ ਦੀ ਖ਼ਬਰਾਂ ਅਤੇ ਜਾਣਕਾਰੀ ਦੇ ਵੰਨ-ਸੁਵੰਨੇ ਅਤੇ ਭਰੋਸੇਯੋਗ ਸਰੋਤਾਂ ਤੱਕ ਪਹੁੰਚ ਹੋਵੇ ਤਾਂ ਜੋ ਉਹ ਆਪਣੀ ਸੋਚ ਬਣਾ ਸਕਣ, ਸਰਕਾਰਾਂ ਅਤੇ ਵਿਅਕਤੀ ਵਿਸ਼ੇਸ਼ਾਂ ਨੂੰ ਜਵਾਬਦੇਹ ਬਣਾ ਸਕਣ ਅਤੇ ਜਨਤਕ ਬਹਿਸ ਵਿੱਚ ਭਾਗ ਲੈ ਸਕਣ।
- ਔਨਲਾਈਨ ਅਤੇ ਸੋਸ਼ਲ ਮੀਡੀਆ ਰਾਹੀਂ ਪ੍ਰਕਾਸ਼ਿਤ ਝੂਠੀ, ਗੁੰਮਰਾਹਕੁੰਨ ਅਤੇ ਭੜਕਾਊ ਗਲਤ ਜਾਣਕਾਰੀ ਵਿੱਚ ਵਾਧੇ ਦੇ ਪ੍ਰਤੀਕਰਮ ਵਜੋਂ, ਕੈਨੇਡਾ ਸਰਕਾਰ ਦਾ ਡਿਜੀਟਲ ਸਿਟੀਜ਼ਨ ਇਨਿਸ਼ਿਟਵ (Government of Canada's Digital Citizen Initiative) ਨਾਗਰਿਕਾਂ ਨੂੰ ਔਨਲਾਈਨ ਜਾਣਕਾਰੀ ਦਾ ਆਲੋਚਨਾਤਮਕ ਮੁਲਾਂਕਣ ਕਰਨ ਲਈ ਲੋੜੀਂਦੇ ਔਜ਼ਾਰਾਂ ਅਤੇ ਹੁਨਰਾਂ ਨਾਲ ਲੈਸ ਕਰਦਾ ਹੈ – ਜਿਸ ਵਿੱਚ ਕੱਟੜਪੰਥੀ ਸਮੱਗਰੀ ਵੀ ਸ਼ਾਮਲ ਹੈ।
- ਉਪਰੋਕਤ ਤੋਂ ਇਲਾਵਾ, **ਕ੍ਰਿਮੀਨਲ ਕੋਡ** ਅੱਤਵਾਦੀ ਸੰਗਠਨਾਂ ਨੂੰ ਸੂਚੀਬੱਧ ਕਰਨ ਲਈ ਇੱਕ ਸਿਸਟਮ ਤੈਅ ਕਰਦਾ ਹੈ ਜੋ ਅੱਤਵਾਦ ਅਤੇ ਹਿੰਸਕ ਅੱਤਵਾਦ ਦਾ ਮੁਕਾਬਲਾ ਕਰਨ ਲਈ ਇੱਕ ਹੋਰ ਸਾਧਨ ਪ੍ਰਦਾਨ ਕਰਦਾ ਹੈ। 2020-2021 ਤੋਂ ਸਰਕਾਰ ਨੇ ਵਿਚਾਰਧਾਰਕ ਤੌਰ 'ਤੇ ਪ੍ਰੇਰਿਤ ਛੇ ਹਿੰਸਕ ਕੱਟੜਪੰਥੀ ਸਮੂਹਾਂ ਨੂੰ ਸੂਚੀਬੱਧ ਕੀਤਾ।




## CSIS ਦਾ ਕੀ ਰੋਲ ਹੈ?

- CSIS ਹਿੰਸਕ ਕੱਟੜਪੰਥੀਆਂ ਦੁਆਰਾ ਪੈਦਾ ਹੋਏ ਵਿਕਸਤ ਖਤਰੇ ਦੀ ਨੇੜਿਓਂ ਨਿਗਰਾਨੀ ਕਰਨਾ ਜਾਰੀ ਰੱਖਦਾ ਹੈ ਅਤੇ ਲੋੜ ਪੈਣ 'ਤੇ ਕਈ ਤਰ੍ਹਾਂ ਦੇ ਰਾਸ਼ਟਰੀ ਸੁਰੱਖਿਆ ਸਾਧਨਾਂ ਦੀ ਵਰਤੋਂ ਕਰ ਸਕਦਾ ਹੈ।

- CSIS ਉਹਨਾਂ ਸਰਗਰਮੀਆਂ ਦੀ ਜਾਂਚ ਕਰਦੀ ਹੈ ਜਿਨ੍ਹਾਂ 'ਤੇ ਕੈਨੇਡਾ ਦੀ ਸੁਰੱਖਿਆ ਵਾਸਤੇ ਖਤਰੇ ਪੈਦਾ ਕਰਨ ਦਾ ਸ਼ੱਕ ਹੁੰਦਾ ਹੈ ਜਿਵੇਂ ਕਿ CSIS ਐਕਟ ਦੇ ਖੰਡ 2 ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ। ਖਾਸ ਤੌਰ 'ਤੇ IMVE ਖਤਰਿਆਂ ਦੇ ਸਬੰਧ ਵਿੱਚ, CSIS ਇਹ ਨਿਰਧਾਰਿਤ ਕਰਨ ਦੀ ਕੋਸ਼ਿਸ਼ ਕਰਦਾ ਹੈ: ਕੀ ਗੰਭੀਰ ਹਿੰਸਾ ਦਾ ਖਤਰਾ ਹੈ ਅਤੇ ਦੂਜਿਆਂ ਨੂੰ ਮਾਰਨ ਲਈ ਪ੍ਰੇਰਿਤ ਕਰਨ ਦੀ ਇੱਛਾ ਹੈ; ਕੀ ਇਹ ਕਾਰਵਾਈਆਂ ਵਿਚਾਰਧਾਰਕ ਤੌਰ ਤੇ ਪ੍ਰੇਰਿਤ ਹਨ; ਅਤੇ ਕੀ ਇਸ ਵਿੱਚ ਸ਼ਾਮਲ ਲੋਕ ਸਮਾਜਕ ਤਬਦੀਲੀ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ।

- CSIS ਕੱਟੜਪੰਥੀ ਲੈਂਡਸਕੇਪ ਅਤੇ ਉੱਭਰ ਰਹੇ ਖਤਰੇ ਦੇ ਮਹੌਲ ਨੂੰ ਸਮਝਣ ਲਈ ਆਪਣੇ ਭਾਈਵਾਲਾਂ ਨਾਲ ਨੇੜਿਓਂ ਕੰਮ ਕਰਦਾ ਹੈ ਤਾਂ ਜੋ ਇਹ ਕਾਰਵਾਈ ਕਰਨ ਲਈ ਮੁਲਾਂਕਣ ਕਰਨ ਅਤੇ ਸਲਾਹ ਪ੍ਰਦਾਨ ਕਰਨ ਦੀ ਸਥਿਤੀ ਵਿੱਚ ਹੋਵੇ, ਜਿਸ ਵਿੱਚ, ਜਿੱਥੇ ਉਚਿਤ ਹੋਵੇ, ਕਨੂੰਨੀ ਕਾਰਵਾਈ ਵੀ ਸ਼ਾਮਲ ਹੈ।

- CSIS ਕੋਲ ਬਹੁਤ ਸਾਰੇ ਜਵਾਬੀ ਵਿਕਲਪ ਉਪਲਬਧ ਹਨ ਜਿੰਨ੍ਹਾਂ ਵਿੱਚ ਸ਼ਾਮਲ ਹਨ:
  - ਜਾਗਰੁਕਤਾ ਪੈਦਾ ਕਰਨਾ ਅਤੇ ਸ਼ਮੂਲੀਅਤ
  - ਵਿਸ਼ਲੇਸ਼ਣ
  - ਜਾਂਚ
  - ਖਤਰੇ ਵਿੱਚ ਕਟੌਤੀ
  - ਸਰਕਾਰ ਨੂੰ ਸਲਾਹ
  - ਲੌਅ ਇਨਫੋਰਸਮੈਂਟ ਨਾਲ ਸਹਿਯੋਗ

- CSIS ਸਿਵਲ ਸੋਸਾਇਟੀ ਅਤੇ ਭਾਈਚਾਰਕ ਸੰਸਥਾਵਾਂ ਨਾਲ ਗੱਲਬਾਤ ਵਧਾਉਣ ਲਈ ਦ੍ਰਿੜ ਸੰਕਲਪ ਹੈ ਤਾਂ ਜੋ ਕੌਮੀ ਮਜ਼ਬੂਤੀ ਨੂੰ ਵਿਕਸਤ ਕਰਨ ਵਿੱਚ ਮਦਦ ਕੀਤੀ ਜਾ ਸਕੇ ਅਤੇ ਉਹਨਾਂ ਭਾਈਚਾਰਕ ਗਰੁੱਪਾਂ ਦੇ ਤਜ਼ਰਬਿਆਂ ਤੋਂ ਸਿੱਖਿਆ ਜਾ ਸਕੇ ਜੋ IMVE ਦੇ ਖਤਰੇ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ।






## ਇੰਟੀਗ੍ਰੇਟਿਡ ਟੈਰੋਰਿਜ਼ਮ ਅਸੈੱਸਮੈਂਟ ਸੈਂਟਰ (ITAC)

ITAC ਇੱਕ ਫੈਡਰਲ ਸੰਸਥਾ ਹੈ ਜੋ ਕੈਨੇਡਾ ਅਤੇ ਕੈਨੇਡੀਅਨ ਹਿੱਤਾਂ ਵਾਸਤੇ ਦਹਿਸ਼ਤਗਰਦੀ ਨਾਲ ਸਬੰਧਿਤ ਖਤਰਿਆਂ ਦਾ ਮੁਲਾਂਕਣ ਕਰਨ ਲਈ ਜ਼ਿੰਮੇਵਾਰ ਹੈ। ਇਹ CSIS ਦੇ ਹੈੱਡਕੁਆਟਰਾਂ ਵਿਚ ਹੀ ਸਥਿਤ ਹੈ ਅਤੇ CSIS ਐਕਟ ਦੇ ਨਿਯਮਾਂ ਅਤੇ ਅਥਾਰਟੀਆਂ ਦੇ ਅਧੀਨ ਕੰਮ ਕਰਦਾ ਹੈ।

ITAC ਵੱਖ-ਵੱਖ ਕਲਾਸੀਫਿਕੇਸ਼ਨ ਪੱਧਰਾਂ ਉੱਤੇ ਖਤਰੇ ਦੇ ਮੁਲਾਂਕਣ ਨੂੰ ਵਿਕਸਤ ਕਰਦਾ ਹੈ, ਜੋ ਕਿ ਕਲਾਸੀਫਾਇਡ ਅਤੇ ਓਪਨ-ਸੋਰਸ ਜਾਣਕਾਰੀ ਉੱਤੇ ਆਧਾਰਿਤ ਹੁੰਦੇ ਹਨ। ਇਹਨਾਂ ਉਤਪਾਦਾਂ ਨੂੰ ਅੰਤਰਰਾਸ਼ਟਰੀ ਅਤੇ ਘਰੇਲੂ ਭਾਈਵਾਲਾਂ ਦੋਨਾਂ ਨਾਲ ਸਾਂਝਾ ਕੀਤਾ ਜਾਂਦਾ ਹੈ, ਜਿਸ ਵਿੱਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵੀ ਸ਼ਾਮਲ ਹਨ। ਇਹ ਮੁਲਾਂਕਣ ਅਪਰੇਸ਼ਨਲ ਅਤੇ ਰਣਨੀਤਕ ਫੈਸਲੇ ਲੈਣ ਵਿੱਚ ਸਹਾਇਤਾ ਕਰਦੇ ਹਨ।

ITAC ਕੋਲ ਕੰਮ ਕਰਨ ਦੀਆਂ ਤਿੰਨ ਮੁੱਖ ਲਾਈਨਾਂ ਹਨ:

1. **ਕੈਨੇਡਾ ਨੂੰ ਦਹਿਸ਼ਤਗਰਦੀ ਦੇ ਖਤਰਿਆਂ ਬਾਰੇ ਰਿਪੋਰਟ ਕਰਨਾ;**
2. **ਕੈਨੇਡਾ ਲਈ ਰਾਸ਼ਟਰੀ ਆਤੰਕਵਾਦੀ ਖਤਰੇ ਦੇ ਪੱਧਰ (NTTL) ਦਾ ਮੁਲਾਂਕਣ ਕਰਨਾ ਅਤੇ ਸਿਫਾਰਸ਼ਾਂ ਕਰਨਾ; ਅਤੇ**
3. **ਵਿਸ਼ਵ ਭਰ ਵਿੱਚ ਕੈਨੇਡੀਅਨ ਹਿੱਤਾਂ ਦੇ ਖਿਲਾਫ ਦਹਿਸ਼ਤਗਰਦੀ ਦੇ ਖਤਰੇ ਦੇ ਪੱਧਰਾਂ ਦਾ ਮੁਲਾਂਕਣ ਕਰਨਾ ਅਤੇ ਨਿਰਧਾਰਤ ਕਰਨਾ।**

## ਅਸੀਂ ਇਕੱਠੇ ਹੋਕੇ ਕੀ ਕਰ ਸਕਦੇ ਹਾਂ ?

- ਆਤੰਕਵਾਦ ਅਤੇ ਹਿੰਸਕ ਅਤਿਵਾਦ ਦੇ ਖਤਰੇ ਦਾ ਅਧਿਐਨ ਕਰਨ ਅਤੇ ਇਸ ਦਾ ਟਾਕਰਾ ਕਰਨ ਵਾਲੇ ਮੋਹਰੀ ਖੋਜੀਆਂ, ਨੀਤੀ-ਘਾੜਿਆਂ ਅਤੇ ਪ੍ਰੈਕਟੀਸ਼ਨਰਾਂ ਨੇ ਅੱਤਵਾਦ ਦੇ ਖਤਰੇ ਖਿਲਾਫ ਇੱਕ ਵਿਆਪਕ ਅਤੇ ਬਹੁ-ਆਯਾਮੀ ਪ੍ਰਤੀਕਰਮ ਵਿੱਚ ਸਿਵਲ ਸਮਾਜ ਨੂੰ ਸ਼ਾਮਲ ਕਰਨ ਦੇ ਮਹੱਤਵ ਨੂੰ ਉਘਾੜਿਆ ਹੈ।

- ਮਾਹਰਾਂ ਨੇ ਪਛਾਣ ਕੀਤੀ ਹੈ ਕਿ ਅਤਿਵਾਦ ਪ੍ਰਤੀ ਸਫਲ ਪ੍ਰਤੀਕਿਰਿਆ ਦੇ ਦੋ ਨਾਜ਼ੁਕ ਤੱਤਾਂ ਵਿੱਚ ਸ਼ਾਮਲ ਹਨ: ਸਿੱਖਿਆ ਅਤੇ ਮਜ਼ਬੂਤ ਭਾਈਚਾਰੇ।

- ਕੈਨੇਡਾ ਦੀ ਕੌਮੀ ਸੁਰੱਖਿਆ ਲਈ ਇਸ ਖਤਰੇ ਦਾ ਮੁਕਾਬਲਾ ਕਰਨ ਲਈ ਖੁਫੀਆ ਸੇਵਾਵਾਂ, ਅਤੇ ਕਾਨੂੰਨ ਲਾਗੂ ਕਰਨ ਵਾਲਿਆਂ ਦੁਆਰਾ ਸਿਵਿਲ ਅਤੇ ਭਾਈਚਾਰਕ ਨੇਤਾਵਾਂ ਨਾਲ ਤਾਲਮੇਲ ਅਤੇ ਸਲਾਹ-ਮਸ਼ਵਰੇ ਨਾਲ ਇੱਕ ਠੋਸ ਅਤੇ ਸਾਂਝੀ ਕੋਸ਼ਿਸ਼ ਦੀ ਲੋੜ ਹੈ। **ਸਾਨੂੰ ਆਪਣੇ ਦੇਸ਼ ਅਤੇ ਆਪਣੇ ਭਾਈਚਾਰਿਆਂ ਨੂੰ ਇਸ ਘਿਨਾਉਣੇ ਖਤਰੇ ਤੋਂ ਬਚਾਉਣ ਲਈ ਸਾਂਝੇ ਉਦੇਸ਼ ਅਤੇ ਸਾਂਝੇ ਸਮਾਜ ਵਾਲੀ ਸੋਚ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ।**

- ਇਹ ਗੁੰਝਲਦਾਰ ਮੁੱਦਾ ਇੱਕ ਸਮਾਜਿਕ ਅਤੇ ਪ੍ਰਣਾਲੀਗਤ ਸਮੱਸਿਆ ਹੈ ਜਿਸ ਲਈ ਸਿਵਲ ਸਮਾਜ ਦੇ ਸਾਰੇ ਤੱਤਾਂ ਨੂੰ ਸ਼ਾਮਲ ਕਰਦੇ ਹੋਏ ਇੱਕ ਸੰਪੂਰਨ ਹੁੰਗਾਰੇ ਦੀ ਲੋੜ ਹੁੰਦੀ ਹੈ। ਇਹ ਖਤਰਾ ਸਾਡੀ ਸਮਾਜਿਕ ਏਕਤਾ ਨੂੰ ਖਤਮ ਕਰ ਰਿਹਾ ਹੈ ਅਤੇ ਕੈਨੇਡੀਅਨ ਭਾਈਚਾਰਿਆਂ ਨੂੰ ਖਤਰੇ ਵਿੱਚ ਪਾ ਰਿਹਾ ਹੈ। ਭਾਈਵਾਲੀਆਂ ਅਤੇ ਗੱਲਬਾਤ ਇਸ ਖਤਰੇ ਪ੍ਰਤੀ ਸਾਡੀ ਪ੍ਰਤੀਕਿਰਿਆ ਦੀ ਪ੍ਰਭਾਵਸ਼ੀਲਤਾ ਵਿੱਚ ਬਹੁਤ ਵਾਧਾ ਕਰਨਗੇ ਅਤੇ ਸਾਡੀ ਸਮੂਹਕ ਮਜ਼ਬੂਤੀ ਨੂੰ ਹੋਰ ਤਕੜਾ ਕਰਨਗੇ।

- CSIS ਜਨਤਾ ਦੇ ਨਾਲ ਮਿਲਕੇ ਕੰਮ ਕਰਨ ਲਈ ਦ੍ਰਿੜ ਸੰਕਲਪ ਹੈ। ਦੇਸ਼ ਭਰ ਵਿੱਚ ਭਾਈਚਾਰਿਆਂ ਅਤੇ ਸਾਡੇ ਸਰਕਾਰੀ ਭਾਈਵਾਲਾਂ ਦੇ ਨਾਲ ਨੇੜੇ ਹੋਕੇ ਕੰਮ ਕਰਨਾ ਸਾਨੂੰ **ਸਾਰੇ** ਕਨੇਡੀਅਨਾਂ ਨੂੰ ਸੁਰੱਖਿਅਤ ਰੱਖਣ ਲਈ ਸਾਡੇ ਮਕਸਦ ਅਤੇ ਵਚਨਬੱਧਤਾ ਦੀ ਅਸਰਦਾਰ ਤਰੀਕੇ ਨਾਲ ਪੂਰਤੀ ਕਰਨ ਦੇ ਯੋਗ ਬਣਾਉਂਦਾ ਹੈ।

## CSIS ਇਕ ਭਰੋਸੇਮੰਦ ਭਾਈਵਾਲ ਵਜੋਂ

CSIS ਸੰਸਥਾ ਦੇ ਅੰਦਰ ਵਿਭਿੰਨਤਾ, ਨਿਰਪੱਖਤਾ ਅਤੇ ਸਭ ਨੂੰ ਸ਼ਾਮਲ ਕਰਨ ਵਾਲੀ ਪਹੁੰਚ ਵਿੱਚ ਸੁਧਾਰ ਕਰਨ ਲਈ ਅਤੇ ਪ੍ਰਣਾਲੀਗਤ ਨਸਲਵਾਦ, ਪੱਖਪਾਤ ਅਤੇ ਭੇਦਭਾਵ ਨਾਲ ਨਿਪਟਣ ਲਈ ਉਪਾਅ ਕਰਨਾ ਜਾਰੀ ਰੱਖਦੀ ਹੈ। ਇਹਨਾਂ ਉਪਾਵਾਂ ਅਤੇ ਪ੍ਰਗਤੀ ਦਾ ਜਨਤਕ ਖੁਲਾਸਾ ਪਾਰਦਰਸ਼ਤਾ, ਖੁੱਲ੍ਹੇਪਣ ਅਤੇ ਜਵਾਬਦੇਹੀ ਨੂੰ ਮਜ਼ਬੂਤ ਕਰਦਾ ਹੈ। CSIS ਜਨਤਾ ਪ੍ਰਤੀ ਜਵਾਬਦੇਹ ਹੈ, ਜਿਸਦੀ ਸੁਰੱਖਿਆ ਦੀ ਅਸੀਂ ਰਾਖੀ ਕਰਦੇ ਹਾਂ, ਅਤੇ ਅਸੀਂ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੇ ਹਾਂ ਕਿ ਸਾਡੀ ਵਰਕਫੋਰਸ ਵਿਚ ਕੈਨੇਡਾ ਦੀ ਵਿਭਿੰਨਤਾ ਝਲਕੇ।

CSIS ਕੈਨੇਡੀਅਨ ਭਾਈਚਾਰਿਆਂ ਵਾਸਤੇ ਆਪਣੇ ਆਪ ਨੂੰ ਇੱਕ ਭਰੋਸੇਮੰਦ ਭਾਈਵਾਲ ਵਜੋਂ ਸਥਾਪਤ ਕਰਨ ਲਈ ਅਤੇ ਵਾਰਤਾਲਾਪ, ਆਪਸੀ ਸਤਿਕਾਰ, ਅਤੇ ਪਰਸਪਰ ਕਾਰਵਾਈ ਰਾਹੀਂ ਇਹਨਾਂ ਭਾਈਵਾਲੀਆਂ ਦਾ ਨਿਰਮਾਣ ਕਰਨ ਲਈ ਦ੍ਰਿੜ ਸੰਕਲਪ ਹੈ।



## ਸਾਡੇ ਨਾਲ ਸੰਪਰਕ ਕਰੋ

ਅਜਿਹੀ ਜਾਣਕਾਰੀ ਦੀ ਰਿਪੋਰਟ ਕਰਨ ਲਈ, ਜੋ ਕੌਮੀ ਸੁਰੱਖਿਆ ਨਾਲ ਸਬੰਧਿਤ ਹੈ ਪਰ ਜੋ ਕਿਸੇ ਫੌਰੀ ਖਤਰੇ ਨਾਲ ਸਬੰਧਿਤ ਨਹੀਂ ਹੈ, CSIS ਨਾਲ ਫ਼ੋਨ **613-993-9620** ਰਾਹੀਂ 24/7 ਸੰਪਰਕ ਕਰ ਸਕਦੇ ਹੋ; ਜਾਂ ਫਿਰ ਸਾਡੀ ਵੈੱਬਸਾਈਟ ਦੇਖੋ: Canadian Security Intelligence Service - Canada.ca

CSIS ਕੋਈ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਨਹੀਂ ਹੈ। ਕੌਮੀ ਸੁਰੱਖਿਆ ਨੂੰ **ਫੌਰੀ ਖਤਰੇ** ਦੀ ਰਿਪੋਰਟ ਕਰਨ ਲਈ, ਕਿਰਪਾ ਕਰਕੇ **911** ਜਾਂ ਆਪਣੇ ਸਥਾਨਕ ਪੁਲਿਸ ਵਿਭਾਗ ਨੂੰ ਕਾਲ ਕਰੋ।

ਤੁਹਾਡੇ ਭਾਈਚਾਰੇ ਜਾਂ ਸੰਸਥਾ ਅਤੇ CSIS ਵਿਚਕਾਰ ਸੰਪਰਕ, ਪਹੁੰਚ ਅਤੇ ਵਾਰਤਾਲਾਪ ਬਾਰੇ ਵਿਚਾਰ-ਵਟਾਂਦਰਾ ਕਰਨ ਲਈ, ਕਿਰਪਾ ਕਰਕੇ AO-LR@smtp.gc.ca 'ਤੇ ਅਕਾਦਮਿਕ ਆਊਟਰੀਚ ਐਂਡ ਸਟੇਕਹੋਲਡਰ ਇਨਗੇਜਮੈਂਟ ਪ੍ਰੋਗਰਾਮ ਜਾਂ ਤੁਹਾਡੀ ਸਥਾਨਕ ਖੇਤਰੀ CSIS ਤਾਲਮੇਲ ਟੀਮ ਨਾਲ ਸੰਪਰਕ ਕਰੋ।

ISBN: 978-0-660-45145-9
ਕੈਟਾਲਾਗ ਨੰਬਰ: PS74-18/2022Pan-PDF
© ਚਿੱਤਰ ਸਰੋਤ: ਗੈਟੀ (Getty) ਇਮੇਜਜ਼
© ਹਰ ਮੈਜੈਸਿਟੀ ਦ ਕਵੀਨ ਇਨ ਰਾਈਟ ਔਫ ਕੈਨੇਡਾ, ਜਿਨ੍ਹਾਂ ਦੀ ਨੁਮਾਇੰਦਗੀ ਮਨਿਸਟਰ ਔਫ ਪਬਲਿਕ ਸੇਫਟੀ, 2022
Also available in English, French and other languages. Aussi disponible en anglais, français et autres langues.